# ਰਾਜ ਵਿਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਐਸ.ਏ.ਐਸ. ਨਗਰ

ਈ.ਮੇਲ: directorscert@punjabeducation.gov.in ਫੋਨ ਨੰ: 0172-2212221


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ. ਅਤੇ ਐ.ਸਿੱ),
ਸਮੂਹ ਸਕੂਲ ਮੁਖੀ (PM Shri ਸਕੂਲ)
ਪੰਜਾਬ।

ਮੀਮੋ ਨੰਬਰ:SCERT/SCI/2024311604/e-803692
ਮਿਤੀ: ਐਸ.ਏ.ਐਸ.ਨਗਰ:03/12/2024

**ਵਿਸ਼ਾ : PM Shri ਸਕੂਲਾਂ ਵਿੱਚ ਪੜ੍ਹਦੇ ਜਮਾਤ 6ਵੀਂ ਤੋਂ 12ਵੀਂ ਦੇ ਸਮੂਹ ਵਿਦਿਆਰਥੀਆਂ ਦੀ Exposure Visits ਸੰਬੰਧੀ**

1.0 ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸੈਸ਼ਨ 2024-25 ਦੌਰਾਨ **PM Shri** ਸਕੂਲਾਂ ਵਿੱਚ ਪੜ੍ਹਦੇ ਜਮਾਤ 6ਵੀਂ ਤੋਂ 12ਵੀਂ ਦੇ ਸਮੂਹ ਵਿਦਿਆਰਥੀਆਂ ਨੂੰ ਪੰਜਾਬ ਰਾਜ ਦੀਆਂ **ਵਿਗਿਆਨਕ ਅਤੇ ਇਤਿਹਾਸਿਕ ਮਹੱਤਤਾ ਵਾਲੇ ਸਥਾਨਾਂ** 'ਤੇ ਯਾਤਰਾ ਕਰਵਾਈ ਜਾਣੀ ਹੈ।

3.0 ਇਹਨਾਂ ਵਿਦਿਆਰਥੀਆਂ ਨੂੰ ਪੰਜਾਬ ਰਾਜ ਵਿੱਚ ਮੌਜੂਦ ਵਿਗਿਆਨਕ ਅਤੇ ਇਤਿਹਾਸਿਕ ਮਹੱਤਤਾ ਵਾਲੇ ਸਥਾਨ ਜਿਵੇਂ ਕਿ ਸਾਇੰਸ ਸਿਟੀ, ਜੰਗ-ਏ-ਆਜ਼ਾਦੀ ਮੈਮੋਰੀਅਲ, ਵਾਰ ਮੈਮੋਰੀਅਲ (ਅੰਮ੍ਰਿਤਸਰ), ਵਿਰਾਸਤੇ ਖਾਲਸਾ (ਅੰਨਦਪੁਰ ਸਾਹਿਬ), ਬਾਬਾ ਬੰਦਾ ਸਿੰਘ ਮੈਮੋਰੀਅਲ (ਚੱਪੜਚਿੜੀ), ਹਰੀਕੇ ਵੈਟਲੈਂਡ, ਦਾਸਤਾਨ-ਏ-ਸ਼ਹਾਦਤ ਮਿਊਜ਼ੀਅਮ (ਚਮਕੌਰ ਸਾਹਿਬ), ਆਰਟ ਗੈਲਰੀਆਂ, ਨੰਗਲ ਡੈਮ, ਬੋਟੈਨੀਕਲ ਗਾਰਡਨ, ਪੁਰਤੱਤਵ ਮਹੱਤਤਾ ਵਾਲੇ ਸਥਾਨ, ਛੱਤਬੀੜ ਚਿੜਿਆਘਰ, ਵਾਹਗਾ ਬਾਰਡਰ, ਹੁਸੈਨੀਵਾਲ ਬਾਰਡਰ ਆਦਿ ਸਥਾਨਾਂ ਤੇ Exposure Visits ਲਈ ਲਿਜਾਇਆ ਜਾਣਾ ਹੈ।

4.0 ਉਕਤ Exposure Visits ਦੇ ਸੰਚਾਲਨ ਲਈ 500 ਰੁਪਏ/ਪ੍ਰਤੀ ਵਿਦਿਆਰਥੀ ਪ੍ਰਵਾਨ ਕੀਤੇ ਗਏ ਹਨ।

5.0 ਜਮਾਤ 8ਵੀਂ ਦੇ ਵਿਦਿਆਰਥੀਆਂ ਲਈ ਲੋੜੀਂਦਾ ਫੰਡ ਸਮੱਗਰਾ ਅਧੀਨ ਪਹਿਲਾਂ ਹੀ ਜਾਰੀ ਕੀਤਾ ਜਾ ਚੁੱਕਾ ਹੈ। ਬਾਕੀ ਰਹਿੰਦੀਆਂ ਜਮਾਤਾਂ 6ਵੀਂ, 7ਵੀਂ ਅਤੇ 9ਵੀਂ ਤੋਂ 12ਵੀਂ ਲਈ ਲੋੜੀਂਦੀ ਜ਼ਿਲ੍ਹਾਵਾਰ ਰਾਸ਼ੀ PM Shri ਦੇ ਫੰਡਾਂ ਅਧੀਨ ਜਲਦੀ ਹੀ ਜਾਰੀ ਕਰ ਦਿੱਤੀ ਜਾਵੇਗੀ।

6.0 ਉਕਤ ਰਾਸ਼ੀ ਨੂੰ ਵਿਦਿਆਰਥੀਆਂ ਦੀ ਰਿਫਰੈਸ਼ਮੈਂਟ (ਚਾਹ-ਪਾਣੀ, ਸਨੈਕਸ, ਖਾਣਾ), ਟ੍ਰਾਂਸਪੋਰਟੇਸ਼ਨ ਅਤੇ ਹੋਰ ਫੁੱਟਕਲ ਖਰਚੇ ਲਈ ਵਰਤਿਆ ਜਾਵੇ ਅਤੇ ਵਿਦਿਆਰਥੀਆਂ ਨੂੰ ਵਧੀਆ ਭੋਜਨ ਦੇਣਾ ਸੁਨਿਸ਼ਚਿਤ ਕੀਤਾ ਜਾਵੇ।

Scanned with CamScanner

7.0 Exposure Visits ਲਈ ਹਦਾਇਤਾਂ ਹੇਠ ਅਨੁਸਾਰ ਹਨ:

7.1 ਸਕੂਲ ਮੁੱਖੀ Exposure Visits ਲਈ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਬੱਸ, ਵੈਨ ਜਾਂ ਕੋਈ ਹੋਰ ਢੁੱਕਵੇ ਵਾਹਨ ਨੂੰ ਹਾਇਰ (Hire) ਕਰਨਗੇ ਅਤੇ ਇਹ ਵੀ ਸੁਨਿਸ਼ਚਿਤ ਕਰਨਗੇ ਕਿ ਹਾਇਰ (Hire) ਕੀਤਾ ਵਾਹਨ ਸੇਫਟੀ ਮਾਪਦੰਡਾਂ ਨੂੰ ਪੂਰਾ ਕਰਦਾ ਹੋਵੇ।

7.2 Exposure Visits ਦੌਰਾਨ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਲੋੜੀਂਦੇ ਅਧਿਆਪਕ ਅਤੇ ਲੜਕੀਆਂ ਨਾਲ ਮਹਿਲਾ ਅਧਿਆਪਕ ਦੀ ਡਿਊਟੀ ਲਗਾਉਣੀ ਯਕੀਨੀ ਬਣਾਈ ਜਾਵੇ।

7.3 ਵਿਦਿਆਰਥੀਆਂ ਨੂੰ Exposure Visits ਤੇ ਭੇਜਣ ਤੋਂ ਪਹਿਲਾਂ ਮਾਤਾ-ਪਿਤਾ ਵੱਲੋਂ NOC/ਸਹਿਮਤੀ ਪੱਤਰ ਜ਼ਰੂਰ ਲੈ ਲਿਆ ਜਾਵੇ।

7.4 Exposure Visits ਦੌਰਾਨ ਵਿਦਿਆਰਥੀ ਸਕੂਲ ਦੀ ਵਰਦੀ ਵਿੱਚ ਹੋਣ।

7.5 Exposure Visits ਦੌਰਾਨ ਵਿਦਿਆਰਥੀਆਂ ਦੀ ਸੁਰੱਖਿਆ ਦਾ ਪੂਰਾ ਧਿਆਨ ਰੱਖਿਆ ਜਾਵੇ।

7.6 ਸਕੂਲ ਮੁੱਖੀ ਇਹ ਯਕੀਨੀ ਬਣਾਉਣਗੇ ਕਿ ਵਿਦਿਆਰਥੀ Exposure Visits ਉਪਰੰਤ ਸਮੇਂ ਸਿਰ ਘਰ ਪਹੁੰਚ ਜਾਣ।

7.7 Exposure Visits ਦੌਰਾਨ first aid kit ਕੋਲ ਜ਼ਰੂਰ ਰੱਖੀ ਜਾਵੇ।

7.8 ਖਰਾਬ ਮੌਸਮ ਵਾਲੇ ਦਿਨ ਵਿਦਿਆਰਥੀਆਂ ਨੂੰ Exposure Visits ਤੇ ਲੈ ਜਾਣ ਤੋਂ ਗੁਰੇਜ਼ ਕੀਤਾ ਜਾਵੇ।

7.9 ਸੁਨਿਸ਼ਚਿਤ ਕੀਤਾ ਜਾਵੇ ਕਿ Exposure Visits ਲਈ ਚੁਣਿਆ ਗਿਆ ਸਥਾਨ ਸਹੀ ਮਾਇਨੇ ਵਿੱਚ ਵਿਗਿਆਨਕ ਅਤੇ ਇਤਿਹਾਸਿਕ ਮਹੱਤਤਾ ਵਾਲੇ ਹੋਣ।

7.10 Exposure Visits ਦੌਰਾਨ ਕੀਤੇ ਖਰਚੇ ਦਾ ਨਿਯਮਾਂ ਅਨੁਸਾਰ ਪੂਰਾ ਰਿਕਾਰਡ ਰੱਖਿਆ ਜਾਵੇ।

8.0 ਉਕਤ Exposure Visit ਦੀ ਮੋਨੀਟਰਿੰਗ ਮੁੱਖ ਦਫ਼ਤਰ ਦੀਆਂ ਟੀਮਾਂ, ਜ਼ਿਲ੍ਹਾਂ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿ), ਪ੍ਰਿੰਸੀਪਲਜ਼ ਡਾਇਟ, ਡਾਇਟ ਫੈਲਕਟੀ, ਬਲਾਕ ਨੋਡਲ ਅਫ਼ਸਰ ਅਤੇ ਅਕਾਦਮਿਕ ਸਪੋਰਟ ਗਰੱਪ (ASG) ਦੇ ਮੈਂਬਰਾਂ ਦੁਆਰਾ ਕੀਤੀ ਜਾਣੀ ਸੁਨਿਸਚਿਤ ਕੀਤੀ ਜਾਵੇ।

9.0 ਉਕਤ ਗਤੀਵਿਧੀ ਨੂੰ ਬੈਗਲੈਸ ਡੇਅ ਵਾਲੇ ਦਿਨ ਕਰਵਾਇਆ ਜਾ ਸਕਦਾ ਹੈ।

10.0 ਸਮੂਹ PM Shri Schools ਵਿੱਚ Exposure Visits ਦਾ ਮਾਈਕ੍ਰੋ-ਪਲਾਨ ਤਿਆਰ ਕਰ ਲਿਆ ਜਾਵੇ ਅਤੇ ਫੰਡਾਂ ਦੀ ਉਪਲੱਬਤਾ ਅਨੁਸਾਰ ਇਹਨਾਂ ਦਾ ਸੰਚਾਲਨ ਤੁਰੰਤ ਸ਼ੁਰੂ ਕਰਵਾ ਲਿਆ ਜਾਵੇ।

11.0 ਉਕਤ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਅਮਨਿੰਦਰ ਕੌਰ (PCS),
ਡਾਇਰੈਕਟਰ,
ਐਸ.ਸੀ.ਈ.ਆਰ.ਟੀ.,ਪੰਜਾਬ।
ਮਿਤੀ: ਐਸ.ਏ.ਐਸ.ਨਗਰ:03/12/2024

ਪਿੱਠ ਅੰਕਣ ਨੰ: ਉਕਤ

ਉਪਰੋਕਤ ਦਾ ਉਤਾਰਾ ਸੂਚਨਾ ਹਿੱਤ ਹੇਠ ਲਿਖਿਆ ਨੂੰ ਭੇਜਿਆ ਜਾਂਦਾ ਹੈ:

1. ਨਿ.ਸ/ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
2. ਨਿ.ਸ/ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿੱ),ਪੰਜਾਬ
3. ਨਿ.ਸ/ਡਾਇਰੈਕਟਰ ਸਕੂਲ ਸਿੱਖਿਆ (ਐ.ਸਿੱ),ਪੰਜਾਬ

(ਡਾ. ਅਮਨਦੀਪ ਕੌਰ)
ਸਹਾਇਕ ਡਾਇਰੈਕਟਰ
ਐੱਸ.ਸੀ.ਈ.ਆਰ.ਟੀ.,ਪੰਜਾਬ।

Scanned with CamScanner

# ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ),ਲੁਧਿਆਣਾ

ਪਿੱਠ ਅੰਕਣ ਨੰ-ਸੈ.ਸਿ/ਜੀ-6/2024-733 ਮਿਤੀ- 09/12/2024

ਉਪਰੋਕਤ ਦਾ ਉਤਾਰਾ ਸਮੂਹ PM SHRI ਸਕੂਲ ਮੁਖੀਆਂ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਪੱਤਰ ਵਿੱਚ ਦਰਜ ਹੁਕਮਾਂ/ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਇਆ ਜਾਵੇ।

(ਐਲ.ਏ)

ਦ. ਜਿਲ੍ਹਾ ਸਿੱਖਿਆ ਅਫਸਰ(ਸੈ.ਸਿ),

ਲੁਧਿਆਣਾ। ਗੁ.ਪਾਲ 09/12/2024

Scanned with CamScanner